# ਖਤਰਨਾਕ ਸਾਮੱਗਰੀ ਕੱਢਣ ਵਾਲਾ ਵਰਕਰ



## ਇਸ ਕਿੱਤੇ ਬਾਰੇ

ਖਤਰਨਾਕ ਸਾਮੱਗਰੀ ਕੱਢਣ ਵਾਲੇ ਵਰਕਰ ਖਤਰਨਾਕ ਸਾਮੱਗਰੀ ਦੀ ਪਛਾਣ ਕਰਦੇ ਹਨ, ਇਹ ਹਟਾਉਂਦੇ ਹਨ, ਪੈਕ ਕਰਦੇ ਹਨ, ਟ੍ਰਾਂਸਪੋਰਟ ਕਰਦੇ ਹਨ ਅਤੇ ਟਿਕਾਣੇ ਲਾਉਂਦੇ ਹਨ ਜਿਵੇਂ ਕਿ ਐਸਬੈਸਟਸ, ਉੱਲੀ, ਪਾਰਾ, ਪੀ ਸੀ ਬੀਜ਼ ਅਤੇ ਹੋਰ ਬਾਇਓਲੌਜੀਕਲ ਖਤਰੇ।

"ਰੈਨੋਵੇਸ਼ਨ ਜਾਂ ਢਾਂਚਿਆਂ ਦੀ ਢੁਆਈ ਦੌਰਾਨ ਆਪਣੇ ਵਲੋਂ ਨਿਭਾਏ ਜਾਣ ਵਾਲੇ ਮਹੱਤਵਪੂਰਨ ਰੋਲ ਦਾ ਮੈਨੂੰ ਮਾਣ ਹੈ। ਮੈਂ ਇਹ ਪੱਕਾ ਕਰਦਾ ਹਾਂ ਕਿ ਹੋਰ ਟਰੇਡਜ਼ ਵਲੋਂ ਆਪਣਾ ਕੰਮ ਸ਼ੁਰੂ ਕਰਨ ਲਈ ਆਉਣ ਤੋਂ ਪਹਿਲਾਂ ਸਾਮੱਗਰੀ ਨੂੰ ਸੁਰੱਖਿਅਤ ਤਰੀਕੇ ਨਾਲ ਹਟਾ ਦਿੱਤਾ ਗਿਆ ਹੈ।"

**$18.50-$32.91 /ਪ੍ਰਤੀ ਘੰਟਾ**

*2020 ਦੇ ਰੇਟ

**ਅਨੁਮਾਨਤ ਵਾਧਾ (ਕਨਸਟਰੱਕਸ਼ਨ ਲੇਬਰ ਫੋਰਸ)**

**2020 ਦੇ ਮੁਕਾਬਲੇ ਦਹਾਕੇ ਦੌਰਾਨ 10%**

**BuildForce Canada*

- ✓ ਤੁਹਾਡੀ ਰੁਚੀ ਮਕੈਨੀਕਲ ਹੈ।
- ✓ ਤੁਸੀਂ ਸਰੀਰਕ ਤੌਰ `ਤੇ ਤੰਦਰੁਸਤ ਹੋ।
- ✓ ਤੁਸੀਂ ਵੇਰਵੇ ਵਿਚ ਦਿਲਚਸਪੀ ਰੱਖਦੇ ਹੋ।

## ਜ਼ਿੰਮੇਵਾਰੀਆਂ

- ਸੇਫਟੀ ਦੇ ਤਰੀਕਿਆਂ, ਸੂਬਾਈ ਨਿਯਮਾਂ ਅਤੇ ਫੈਡਰਲ ਕਾਨੂੰਨਾਂ ਦੀ ਪਾਲਣਾ ਕਰਨਾ
- ਕੰਮ ਵਾਲੀਆਂ ਥਾਂਵਾਂ ਨੂੰ ਕੰਮ ਤੋਂ ਪਹਿਲਾਂ ਸਾਫ ਕਰਨਾ
- ਕੰਮ ਵਾਲੀਆਂ ਥਾਂਵਾਂ ਲਈ ਵਾੜੇ ਬਣਾਉਣਾ ਅਤੇ ਉਧੇੜਨਾ
- ਖਤਰਨਾਕ ਸਾਮੱਗਰੀ ਨੂੰ ਹਟਾਉਣਾ ਅਤੇ ਸਾਫ਼ ਕਰਨਾ
- ਢਾਹੁਣ ਤੋਂ ਬਾਅਦ ਦੀ ਸਫਾਈ ਕਰਨਾ
- ਨੇਮ ਨਾਲ ਇੰਸਪੈਕਸ਼ਨਾਂ ਕਰਨਾ

## ਤੁਹਾਨੂੰ ਕਿਸ ਚੀਜ਼ ਦੀ ਲੋੜ ਪਵੇਗੀ

### ਦਾਖਲੇ ਦੀਆਂ ਸ਼ਰਤਾਂ

**ਹਾਈ ਸਕੂਲ (ਸਿਫਾਰਸ਼ ਕੀਤੀਆਂ ਜਾਂਦੀਆਂ ਸ਼ਰਤਾਂ):**

- ਘੱਟੋ ਘੱਟ ਗਰੇਡ 10, ਗਰੇਡ 12 ਨੂੰ ਤਰਜੀਹ

**ਅਪਰੈਂਟਿਸਸ਼ਿਪ ਪ੍ਰੋਗਰਾਮ:**

3 ਸਾਲ ਦੀ ਟਰੇਨਿੰਗ, ਜਿਸ ਵਿਚ 4,800 ਘੰਟਿਆਂ ਦੀ ਪ੍ਰੈਕਟੀਕਲ ਟਰੇਨਿੰਗ, 48 ਘੰਟਿਆਂ ਦੀ ਕਲਾਸ ਵਿਚ ਟੈਕਨੀਕਲ ਟਰੇਨਿੰਗ ਅਤੇ ਇਮਤਿਹਾਨ ਸ਼ਾਮਲ ਹਨ। ਕਾਮਯਾਬੀ ਨਾਲ ਸਮਾਪਤੀ ਤੋਂ ਬਾਅਦ ਸਰਟੀਫਾਇਡ ਹੈਜ਼ਮੈਟ ਵਰਕਰ ਸਰਟੀਫਿਕੇਟ ਦਿੱਤਾ ਜਾਂਦਾ ਹੈ। ਟਰੇਨਿੰਗ ਲੈਣ ਵਾਲੇ ਵਜੋਂ, ਤੁਸੀਂ ਸਿੱਖਣ ਵੇਲੇ ਪੈਸੇ ਵੀ ਕਮਾਉਂਦੇ ਹੋ।

### ਮੁੱਖ ਹੁਨਰ ਅਤੇ ਗੁਣ

(ਟੈਕਨੀਕਲ ਟਰੇਨਿੰਗ ਅਤੇ ਜੌਬ ਉੱਪਰ)

- ਗੱਲਬਾਤ ਕਰਨ, ਪੜ੍ਹਨ, ਹਿਸਾਬ ਅਤੇ ਸਮੱਸਿਆ ਦਾ ਹੱਲ ਕਰਨ ਦੇ ਵਧੀਆ ਹੁਨਰ
- ਸਰੀਰਕ ਤੰਦਰੁਸਤੀ, ਸ਼ਕਤੀ ਅਤੇ 25 ਕਿਲੋਗ੍ਰਾਮ ਭਾਰ ਚੁੱਕਣ ਦੀ ਸਮਰੱਥਾ
- ਆਪਣੇ ਆਪ ਸ਼ੁਰੂ ਕਰਨ ਵਾਲੇ, ਟੀਮਾਂ ਵਿਚ ਜਾਂ ਇਕੱਲੇ ਕੰਮ ਕਰਨ ਦੀ ਸਮਰੱਥਾ

College of the BC Building Trades

**ਕੀ ਤੁਹਾਨੂੰ ਪਤਾ ਸੀ?**

ਖਤਰਨਾਕ ਸਾਮੱਗਰੀ ਕੱਢਣ ਵਾਲੇ ਵਰਕਰਾਂ ਦੀਆਂ ਕੰਮ ਦੀਆਂ ਹਾਲਤਾਂ ਵੱਖ ਵੱਖ ਹੋ ਸਕਦੀਆਂ ਹਨ, ਜੋ ਕਿ ਉਨ੍ਹਾਂ ਦੇ ਮੁਹਾਰਤ ਦੇ ਖੇਤਰ `ਤੇ ਨਿਰਭਰ ਕਰਦਾ ਹੈ। ਕੁਝ ਲਈ ਦਿਨ ਵਿਚ ਕਈ ਘੰਟਿਆਂ ਲਈ ਪੂਰੀ ਤਰ੍ਹਾਂ ਬੰਦ ਹਿਫਾਜ਼ਤੀ ਸੂਟ ਪਾਉਣਾ ਜ਼ਰੂਰੀ ਹੁੰਦਾ ਹੈ।

info@collegeofthebcbt.ca | www.collegeofthebcbt.ca